# ਵਿਗਿਆਨ ਅਤੇ ਵਿਗਿਆਨ ਸਿੱਖਿਆ

**ਤਿੰਨ ਰੋਜ਼ਾ ਸੈਮੀਨਾਰ ( ਅਕਤੂਬਰ 2018)**

**ਭਾਰਤੀ ਵਿਗਿਆਨ ਸਿੱਖਿਆ ਅਤੇ ਖੋਜ ਸੰਸਥਾ**

**ਅਤੇ**

**ਅਜ਼ੀਮ ਪ੍ਰੇਮਜੀ ਯੂਨੀਵਰਸਿਟੀ**

**ਬੰਗਲੂਰੂ**

## 1. ਪਿੱਠ ਭੂਮੀ

ਸਰਸਰੀ ਨਜ਼ਰੇ ਦੇਖਣ ਤੇ ਇਸ ਤਰਾਂ ਲੱਗਦਾ ਹੈ ਕਿ ਭਾਰਤ ਵਿੱਚ ਸਕੂਲੀ ਪੱਧਰ ਤੇ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਦੀ ਪਹਿਲੀ ਪਸੰਦ ਵਿਗਿਆਨ ਵਿੱਚ ਨਿਜੀ ਰੁਚੀ ਕਰਕੇ ਹੈ. ਇਹ ਵੀ ਆਮ ਸਮਾਜਿਕ ਧਾਰਨਾ ਹੈ ਵਿਗਿਆਨ ਨਾਲ ਸੰਬੰਧਿਤ ਵਿਸ਼ੇ ਚੰਗੇ ਕੈਰੀਅਰ , ਕਮਾਈ ਅਤੇ ਮਾਣ-ਸਨਮਾਨ ਦੀ ਕੁੰਜੀ ਹਨ. ਸਕੂਲੀ ਪੱਧਰ ਤੇ ਵਿਗਿਆਨ ਨਾਲ ਜੁੜੇ ਵਿਸ਼ਿਆਂ ਦੀ ਚੋਣ ਇੰਜੀਨੀਅਰਿੰਗ ਅਤੇ ਮੈਡੀਕਲ ਧਾਰਾਵਾਂ ਵਿੱਚ ਪੜ੍ਹਾਈ ਕਰਨ ਦੀ ਦਿਸ਼ਾ ਵੱਲ ਵਧਾਇਆ ਜਾਣ ਵਾਲਾ ਜ਼ਰੂਰੀ ਕਦਮ ਹੈ ਅਤੇ ਇਹਨਾਂ ਕੋਰਸਾਂ ਵਿੱਚ ਦਾਖਲਾ ਹੀ ਸਕੂਲੀ ਸਿੱਖਿਆ ਦਾ ਪਹਿਲਾ ਅਤੇ ਪ੍ਰਮੁੱਖ ਉਦੇਸ਼ ਹੈ. ਦੇਸ਼ ਭਰ ਵਿੱਚ ਇਹਨਾਂ ਵਿਸ਼ਿਆਂ ਦੀ ਕੋਚਿੰਗ ਦਾ ਵਧ–ਫੁਲ ਰਿਹਾ ਧੰਦਾ ਵੀ ਇਸ ਧਾਰਨਾ ਦੀ ਪੁਸ਼ਟੀ ਕਰਦਾ ਹੈ. ਇਸ ਧਾਰਨਾ ਦਾ ਅਸਰ ਕੇਵਲ ਬੱਚਿਆਂ ਦੇ ਸਕੂਲ ਜਾਣ ਅਤੇ ਵਿਗਿਆਨ ਕਿਵੇਂ ਪੜ੍ਹਾਇਆ ਜਾ ਰਿਹਾ ਹੈ ਉੱਤੇ ਹੀ ਨਹੀਂ ਸਗੋਂ ਵਿਗਿਆਨ ਦੇ ਪਾਠਕ੍ਰਮ ਦੀ ਕਲਪਨਾ ਅਤੇ ਇਸਦੀ ਰਚਨਾ ਉੱਤੇ ਵੀ ਹੈ. ਇਕ ਪਾਸੇ ਜਿੱਥੇ ਵਿਗਿਆਨ ਪ੍ਰਤੀ ਸਮਾਜ ਦੇ ਦ੍ਰਿਸ਼ਟੀਕੋਣ, ਵਿਗਿਆਨ ਦੇ ਮਾਨਵੀ ਵਿਸ਼ਿਆਂ ਨਾਲ ਰਿਸ਼ਤੇ, ਵਿਗਿਆਨ ਦੀ ਪ੍ਰਕਿਰਤੀ ਅਤੇ ਸੰਭਾਵਨਾਵਾਂ ਨੂੰ ਨੇਮਬਧ ਰੂਪ ਵਿਚ ਜਾਣਨਾ ਜਰੂਰੀ ਹੈ ਉੱਥੇ ਹੀ ਦੂਜੇ ਪਾਸੇ ਵਿਗਿਆਨ ਸਿੱਖਿਆ ਦੀ ਅਸਲੀਅਤ, ਗੁਣਵੱਤਾ ਅਤੇ

ਪ੍ਰਕਿਰਤੀ ਨੂੰ ਪਰਖਣ ਦੀ ਜਰੂਰਤ ਵੀ ਹੈ. (ਭਾਵ ਕਿ ਇਸ ਸਵਾਲ ਉੱਤੇ ਵੀ ਵਿਚਾਰ ਕਰਨਾ ਬਣਦਾ ਹੈ ਕਿ ਵਿਗਿਆਨ ਦੀ ਸਿੱਖਿਆ ਕਿਉਂ?)

ਵਿਗਿਆਨ ਸਿੱਖਿਆ ਦਾ ਮੰਤਵ ਸਮਾਜ ਦੇ ਨਾਲ ਉਸ ਦੇ ਇਸ ਖ਼ਾਸ ਰਿਸ਼ਤੇ ਦੇ ਕਾਰਨ ਬਹੁਤ ਸੰਕੀਰਨ ਹੋ ਗਿਆ ਹੈ (ਜਾਂ ਹਮੇਸ਼ਾ ਹੀ ਰਿਹਾ ਹੈ). ਅਧਿਆਪਕਾਂ ਅਤੇ ਸਿਖਲਾਈ ਅਧੀਨ ਅਧਿਆਪਕਾਂ ਨੂੰ ਸਿਖਲਾਈ ਦੇਣ ਵਾਲੇ ਅਧਿਆਪਕਾਂ ਨੂੰ ਵੀ ਇਸ ਮੁੱਦੇ ਦੀ ਆਲੋਚਨਾਤਮਕ ਸਮਝ ਨਹੀਂ ਹੈ. ਜਿੱਥੇ ਵਿਗਿਆਨ ਦਾ ਅਧਿਐਨ-ਅਧਿਆਪਨ ਸਕੂਲਾਂ ਵਿੱਚ ਜਿਗਿਆਸਾ ਮੁਖੀ ਅਤੇ ਪ੍ਰਯੋਗ ਮੁਖੀ ਹੋ ਕੇ ਗ੍ਰੇਜੁਏਸ਼ਨ ਪੱਧਰ ਤੋਂ ਹੁੰਦੇ ਹੋਏ ਅਖੀਰ ਸਮਾਜ ਵਿੱਚ ਵਿਗਿਆਨਕ ਚੇਤਨਾ ਦੇ ਸੰਚਾਰ ਦਾ ਸਰੋਤ ਹੋ ਸਕਦਾ ਹੈ, ਉੱਥੇ ਇਹ ਕੇਵਲ ਜਾਣਕਾਰੀ ਅੱਗੇ ਸੌਂਪਣ ਅਤੇ ਨਿੱਜੀ ਇੱਛਾ-ਪੂਰਤੀਆਂ ਦਾ 'ਸ਼ਾਰਟ ਕੱਟ ' ਬਣ ਚੁਕਿਆ ਹੈ.

ਅਜਿਹੀ ਸਮਾਜਿਕ ਪਿੱਠ ਭੂਮੀ ਵਿਚ ਜਿਗਿਆਸਾ, ਰੁਚੀ ਅਤੇ ਨਵੀਨੀ –ਕਰਨ ਆਦਿ ਸ਼ਬਦ ਧੁੰਦਲੇ ਦਿਖਾਈ ਦਿੰਦੇ ਹਨ. ਇਸ ਦਾ ਸਿੱਧਾ ਅਸਰ ਉਹਨਾਂ ਵਿਗਿਆਨ ਅਧਿਆਪਕਾਂ ਉੱਤੇ ਵੀ ਪੈਂਦਾ ਹੈ ਜਿਹਨਾਂ ਵਿੱਚ ਲੋੜੀਂਦੀ ਸਮਝ ਅਤੇ ਜੋਸ਼ ਸੁਭਾਵਕ ਹੀ ਹੁੰਦਾ ਹੈ. ਇਸੇ ਤਰਾਂ ਗ੍ਰੇਜੁਏਸ਼ਨ ਪੱਧਰ ਦੇ ਉਹਨਾਂ ਵਿਦਿਆਰਥੀਆਂ ਵਿੱਚ ਜਿਹੜੇ ਸਕੂਲ ਵਿੱਚ ਕਦੀ ਪ੍ਰਯੋਗਸ਼ਾਲਾਵਾਂ ਵਿੱਚ ਗਏ ਹੀ ਨਹੀਂ, ਵਿਸ਼ੇ ਦੀ ਸਮਝ ਅਤੇ ਉਸ ਪ੍ਰਤੀ ਰੁਚੀ ਪੈਦਾ ਕਰਨਾ ਔਖਾ ਹੋ ਜਾਂਦਾ ਹੈ. ਵਿਡੰਬਨਾ ਇਹ ਹੈ ਕਿ ਇਹੀ ਵਿਦਿਆਰਥੀ ਫੇਰ ਸਕੂਲਾਂ ਵਿੱਚ ਅਧਿਆਪਕ ਵੀ ਜਾ ਲੱਗਦੇ ਹਨ.

ਵਿਗਿਆਨ ਸਿੱਖਿਆ ਦੇ ਸੰਬੰਧ ਵਿੱਚ ਇਸ ਦੀ ਵਿਸ਼ੇਗਤ ਪ੍ਰਕਿਰਤੀ, ਇਸ ਦਾ ਦੂਜੇ ਹੋਰ ਵਿਸ਼ਿਆਂ, ਖਾਸ ਤੌਰ ਤੇ ਭਾਸ਼ਾ ਅਤੇ ਗਣਿਤ, ਨਾਲ ਰਿਸ਼ਤਾ ਅਤੇ ਇਸ ਦੇ ਵੱਖ ਵੱਖ ਪੱਖਾਂ ਵਿੱਚ ਇਕਮਿੱਕਤਾ ਜਿਹੇ ਮੁੱਦੇ ਵੀ ਮਹੱਤਵਪੂਰਨ ਹਨ. ਇਹ ਨੁਕਤਾ ਸਮਝਣਾ ਵੀ ਜ਼ਰੂਰੀ ਹੈ ਕਿ ਵਿਗਿਆਨ ਅਧਿਐਨ ਦਾ ਜੀਵਨ ਦੇ ਵੱਖ-ਵੱਖ ਪਹਿਲੂਆਂ ਨਾਲ ਕੀ ਰਿਸ਼ਤਾ ਹੋਵੇ ਅਤੇ ਜਮਾਤਾਂ ਵਿੱਚ ਇਸ ਉੱਪਰ ਕਾਰਜ ਕਰਨ ਦਾ ਢੰਗ ਕੀ ਹੋਵੇ. ਇਸ ਸੰਦਰਭ ਵਿੱਚ ਵਿਗਿਆਨ ਅਤੇ ਵਿਗਿਆਨ ਸਿੱਖਿਆ ਦੀ ਚਰਚਾ ਭਾਰਤੀ ਭਾਸ਼ਾਵਾਂ ਵਿੱਚ ਕਰਨਾ ਮਹੱਤਵਪੂਰਨ ਹੋ ਜਾਂਦਾ ਹੈ. ਸਾਡੀ ਇਹ ਕੋਸ਼ਿਸ਼ ਹੈ ਕਿ ਇਹਨਾਂ ਸਾਰੇ ਮੁੱਦਿਆਂ ਤੇ ਸਕੂਲਾਂ ਦੇ ਅਧਿਆਪਕ, ਸਕੂਲਾਂ ਵਿੱਚ ਅਧਿਆਪਕਾਂ ਨਾਲ ਕੰਮ ਕਰਦੇ ਹੋਰ ਲੋਕਾਂ ਸਮੇਤ ਅਧਿਆਪਕਾਂ ਨੂੰ ਸਿਖਲਾਈ ਦੇਣ ਵਾਲੇ ਅਧਿਆਪਕਾਂ ਅਤੇ ਖੋਜਾਰਥੀਆਂ ਨੂੰ ਅਜਿਹੇ ਮੰਚ ਮੁਹਈਆ ਕਰਵਾਏ ਜਾਣ ਜਿੱਥੇ ਉਹ ਆਪਣੇ ਅਨੁਭਵਾਂ ਦੇ ਵਿਸ਼ਲੇਸ਼ਣ ਸਾਂਝੇ ਕਰ ਸਕਣ ਅਤੇ ਉਹਨਾਂ ਉਤੇ ਚਰਚਾ ਹੋ ਸਕੇ. ( ਭਾਵ ਇਹ ਕਿ ਵਿਗਿਆਨ ਕਿਵੇਂ ਪੜ੍ਹਾਈਏ ਤੇ ਇਸ ਦੀ ਬਾਕੀ ਵਿਸ਼ਿਆਂ ਨਾਲ ਕੀ ਸਾਂਝ ਹੈ.)

## 2. ਸੈਮੀਨਾਰ ਦਾ ਵਿਸ਼ਾ ਅਤੇ ਰੂਪਰੇਖਾ

ਸਾਡੀ ਸਿੱਖਿਆ ਪ੍ਰਣਾਲੀ ਸਮਾਜ, ਭਾਸ਼ਾ ਅਤੇ ਵਿਗਿਆਨ ਦੇ ਅੰਤਰ-ਸੰਬੰਧ ਨੂੰ ਘੱਟ ਕਰ ਕੇ ਆਂਕਦੀ ਰਹੀ ਹੈ.ਅਜਿਹੀ ਧਾਰਨਾ ਰਹੀ ਹੈ ਕਿ ਭਾਸ਼ਾ ਅਤੇ ਹੋਰ ਮਾਨਵਿਕੀ ਵਿਸ਼ਿਆਂ ਦਾ ਵਿਗਿਆਨ ਅਤੇ ਵਿਗਿਆਨ ਸਿੱਖਣ ਨਾਲ ਸੰਬੰਧ ਨਹੀਂ ਹੈ. ਇਸ ਧਾਰਨਾ ਦਾ ਵਿਗਿਆਨ ਸਿੱਖਿਆ ਤੋਂ ਬਣਦੀਆਂ ਉਮੀਦਾਂ, ਸਿੱਖਣ-ਸਿੱਖਾਉਣ ਦੇ ਤਰੀਕਿਆਂ, ਮੁਲਾਂਕਣ ਅਤੇ ਵਿਸ਼ਾ ਵਸਤੂ ਉੱਤੇ ਵਿਆਪਕ ਅਸਰ ਹੈ. ਇਸੇ ਕਾਰਨ ਵਿਗਿਆਨ ਦੇ ਵਿਦਿਆਰਥੀ ਅਕਸਰ ਆਪਣੇ ਮੌਲਿਕ ਵਿਚਾਰਾਂ ਨੂੰ ਸਪਸ਼ਟਤਾ ਨਾਲ ਪੇਸ਼ ਕਰ ਸਕਣ ਅਤੇ ਵਿਗਿਆਨ ਸਾਹਿਤ ਨੂੰ ਸਮਝਣ ਅਤੇ ਉਸ ਵੱਲ ਅਗੇ ਤੁਰਨ ਦੀ ਗੰਭੀਰ ਕੋਸ਼ਿਸ਼ ਕਰਨ ਦੇ ਸਮਰੱਥ ਨਹੀਂ ਹੁੰਦੇ ਹਨ.

ਵਿਗਿਆਨ ਦੀ ਪ੍ਰਕਿਰਤੀ, ਇਸ ਦੀ ਉਤਪਤੀ ਅਤੇ ਵਿਕਾਸ; ਇਸ ਦਾ ਸਮਾਜ, ਸਭਿਆਚਾਰ, ਭਾਸ਼ਾ,ਅਤੇ ਹੋਰਨਾਂ ਵਿਸ਼ਿਆਂ ਨਾਲ ਸਬੰਧ; ਵੱਖ ਵੱਖ ਪੱਧਰ ਦੀ ਵਿਗਿਆਨ ਸਿੱਖਿਆ ਲਈ ਢੁਕਵੇਂ ਉਦੇਸ਼ਾਂ ਦਾ ਪਸਾਰ; ਵਿਗਿਆਨ ਸਿੱਖਿਆ ਦੇ ਹਾਲਾਤ; ਜ਼ਰੂਰਤਾਂ; ਅਧਿਆਪਕਾਂ ਦੀ ਤਿਆਰੀ ਅਤੇ ਇਹਨਾਂ ਸਬ ਦੇ ਵਿਚਲੀਆਂ ਕੜੀਆਂ ਨੂੰ ਜਾਂਚਣ-ਘੋਖਣ ਅਤੇ ਇਕ ਤਰਕ ਭਰਪੂਰ ਤਾਣਾ ਬਾਣਾ ਤਿਆਰ ਕਰਨ ਦੇ ਜਤਨਾਂ ਵਾਸਤੇ ਤਿੰਨ ਦਿਨਾਂ ਦਾ ਸੈਮੀਨਾਰ ਦਾ ਆਯੋਜਨ ਕੀਤਾ ਜਾ ਰਿਹਾ ਹੈ. ਇਹ ਸੈਮੀਨਾਰ ਹਿੰਦੀ ਅਤੇ ਪੰਜਾਬੀ ਭਾਸ਼ਾਵਾਂ ਵਿੱਚ ਹੋਵੇਗਾ, ਭਾਵ ਕਿ ਇਹਨਾਂ ਵਿੱਚੋਂ ਕਿਸੇ ਵੀ ਇੱਕ ਭਾਸ਼ਾ ਵਿੱਚ ਪਰਚਾ ਲਿਖਿਆ ਅਤੇ ਪੜ੍ਹਿਆ ਜਾ ਸਕਦਾ ਹੈ.

ਇਹ ਸੈਮੀਨਾਰ ਅਜ਼ੀਮ ਪ੍ਰੇਮਜੀ ਯੂਨੀਵਰਸਿਟੀ, ਬੰਗਲੂਰੂ ਅਤੇ ਭਾਰਤੀ ਵਿਗਿਆਨ ਸਿੱਖਿਆ ਅਤੇ ਖੋਜ ਸੰਸਥਾ, ਮੋਹਾਲੀ ਦੀ ਸੰਯੁਕਤ ਸਰਪ੍ਰਸਤੀ ਹੇਠ ਅਕਤੂਬਰ 2018 ਦੇ ਪਹਿਲੇ ਹਫ਼ਤੇ ਕਰਵਾਏ ਜਾਣ ਦੀ ਯੋਜਨਾ ਹੈ. ਸੈਮੀਨਾਰ ਵਿੱਚ ਵਿਗਿਆਨ ਅਤੇ ਵਿਗਿਆਨ ਸਿੱਖਿਆ ਦੇ ਮਾਧਿਅਮਿਕ, ਉੱਚ- ਮਾਧਿਅਮਿਕ ਅਤੇ ਗ੍ਰੈਜੂਏਸ਼ਨ ਪੱਧਰਾਂ ਨਾਲ ਜੁੜੇ ਵਿਸ਼ਿਆਂ ਉੱਤੇ ਚਰਚਾ ਹੋਵੇਗੀ. ਇਹਨਾਂ ਤਿੰਨਾ ਪੱਧਰਾਂ ਨੂੰ ਇਕ ਦੂਜੇ ਨਾਲ ਜੋੜਨ ਵਾਲੀਆਂ ਕੜੀਆਂ ਦੀ ਭਾਲ ਵੀ ਇਸ ਸੈਮੀਨਾਰ ਦੇ ਉਦੇਸ਼ਾਂ ਵਿੱਚ ਸ਼ਾਮਲ ਹੈ .

**ਸੈਮੀਨਾਰ ਦਾ ਵਿਸ਼ਾ –ਇੱਕ : ਵਿਗਿਆਨ ਅਤੇ ਸਮਾਜ ਦਾ ਆਪਸੀ ਸਬੰਧ**

ਵਿਗਿਆਨ ਅਤੇ ਤਕਨਾਲੋਜੀ ਕਈ ਤਰੀਕਿਆਂ ਨਾਲ ਸਮਾਜ ਅਤੇ ਉਸਦੀ ਸੋਚ ਉਤੇ ਅਸਰ –ਅੰਦਾਜ਼ ਹੁੰਦੇ ਹਨ. ਜਿੱਥੇ ਟੈਕਨਾਲੋਜੀ ਦਾ ਅਸਰ ਆਮ ਜੀਵਨ ਵਿੱਚ ਪ੍ਰਤੱਖ ਦਿੱਸਦਾ ਹੈ, ਉੱਥੇ ਬੁਨਿਆਦੀ ਵਿਗਿਆਨ ਅਸਿੱਧੇ ਰੂਪ ਵਿੱਚ ਕਈ ਜਟਿਲ ਸਵਾਲਾਂ ਨੂੰ ਸੁਲਝਾ ਕੇ ਤਕਨਾਲੋਜੀ ਨੂੰ ਹੋਰ ਅੱਗੇ ਲੈ ਜਾਣ ਵਿੱਚ ਸਹਾਇਕ ਹੁੰਦਾ ਹੈ. ਕਿਸੇ ਵੀ ਸਮਾਜ ਦੀ ਤਰੱਕੀ

ਅਤੇ ਮਨੁੱਖੀ ਵਿਕਾਸ ਨਾਲ ਜੁੜੇ ਕਈ ਪਹਿਲੂਆਂ ਦਾ ਮੂਲ ਉਸ ਦੀ ਵਿਗਿਆਨਕ ਚੇਤਨਾ ਵਿੱਚ ਨਿਹਿਤ ਹੁੰਦਾ ਹੈ. ਕਿਸੇ ਵੀ ਸਮਾਜ ਵਿੱਚ ਇਲਾਜ, ਸਿੱਖਿਆ ਅਤੇ ਤਕਨੀਕ ਦੀ ਸੁਲੱਭਤਾ ਉਦੋਂ ਤੱਕ ਸਾਰਥਕ ਨਹੀਂ ਹੈ ਜਦੋਂ ਤੱਕ ਉਸ ਸਮਾਜ ਵਿੱਚ ਇਹਨਾਂ ਦੀ ਕਬੂਲੀਅਤ ਅਤੇ ਇਹਨਾਂ ਦਾ ਰਚਨਾਤਮਕ ਉਪਯੋਗ ਕਰਨ ਦੀ ਮਨੋਬਿਰਤੀ ਵਿਕਸਤ ਨਾ ਕੀਤੀ ਜਾਵੇ. ਇਸ ਵਿਸ਼ੇ ਤੇ ਹੇਠਾਂ ਲਿਖੇ ਨੁਕਤਿਆਂ ਤੇ ਆਧਾਰਿਤ ਖੋਜਮੁਖੀ ਲੇਖ ਲਿਖੇ ਜਾ ਸਕਦੇ ਹਨ:

1. ਵਿਗਿਆਨ ਦੀ ਪ੍ਰਕਿਰਤੀ, ਦਾਇਰਾ ਅਤੇ ਉਸਦੀ ਭਾਸ਼ਾ
2. ਸਮਾਜ, ਵਿਕਾਸ ਅਤੇ ਤਕਨਾਲੋਜੀ ਅਤੇ ਵਿਗਿਆਨ ਨਾਲ ਉਹਨਾਂ ਦੀ ਅੰਤਰਕਿਰਿਆ
3. ਵਿਗਿਆਨ, ਸਮਾਜੀਕਰਨ ਅਤੇ ਸਿੱਖਿਆ

**ਸੈਮੀਨਾਰ ਵਿੱਚ ਚਰਚਾ ਦਾ ਵਿਸ਼ਾ –ਦੋ : ਪ੍ਰਾਥਮਿਕ (ਪ੍ਰਾਇਮਰੀ) ,ਉੱਚ-ਪ੍ਰਾਥਮਿਕ (ਮਿਡਲ) ਅਤੇ ਮਾਧਿਅਮਿਕ (ਸੈਕੇਂਡਰੀ) ਦਰਜੇ ਦੀਆਂ ਜਮਾਤਾਂ ਵਿੱਚ ਵਿਗਿਆਨ ਅਤੇ ਇਸ ਦੀ ਸਿੱਖਿਆ**

ਸਮਾਜ ਵਿੱਚ ਵਿਗਿਆਨ ਦੇ ਪ੍ਰਤੀ ਸਕਾਰਾਤਮਕ ਰੁਝਾਨ ਦੀ ਨੀਂਹ ਬੁਨਿਆਦੀ ਪੱਧਰ ਤੇ ਹੀ ਤਿਆਰ ਹੋ ਸਕਦੀ ਹੈ. ਇਸ ਕੰਮ ਵਿੱਚ ਕਈ ਚੁਨੌਤੀਆਂ ਹਨ . ਜਿੱਥੇ ਸਕੂਲੀ ਸਿੱਖਿਆ ਵਿੱਚ ਸਿੱਖਿਅਤ ਅਤੇ ਉਤਸ਼ਾਹੀ ਅਧਿਆਪਕਾਂ ਦੀ ਕਮੀ ਹੈ ਉੱਥੇ ਸਾਡੇ ਸੀਮਿਤ ਸਾਧਨ ਬੱਚਿਆਂ ਨੂੰ ਪ੍ਰਯੋਗਾਂ ਤੇ ਆਧਾਰਿਤ ਵਿਗਿਆਨ ਪੜ੍ਹਾਉਣ ਵਿੱਚ ਰੁਕਾਵਟ ਪੈਦਾ ਕਰਦੇ ਹਨ. ਨਾਲ ਹੀ ਮਾਤ ਭਾਸ਼ਾ ਵਿੱਚ ਵਿਗਿਆਨ ਦੀਆਂ ਪੁਸਤਕਾਂ ਅਤੇ ਢੁਕਵੀਂ ਸ਼ਬਦਾਵਲੀ ਦੀ ਕਮੀ ਵੀ ਹੈ. ਨਿਸ਼ਚਿਤ ਰੂਪ ਵਿੱਚ ਇਹਨਾਂ ਨੁਕਤਿਆਂ ਉੱਤੇ ਗੰਭੀਰ ਚਿੰਤਨ ਦੀ ਜ਼ਰੂਰਤ ਹੈ. ਲੇਖ ਹੇਠ ਲਿਖੇ ਵਿਸ਼ਿਆਂ ਤੇ ਆਧਾਰਿਤ ਹੋ ਸਕਦੇ ਹਨ :

1. ਵਿਗਿਆਨ ਪਾਠਕ੍ਰਮ ਪ੍ਰਣਾਲੀ- ਪਾਠਕ੍ਰਮ ,ਪਾਠ ਪੁਸਤਕ , ਅਧਿਆਪਨ ਪ੍ਰਕਿਰਿਆ ਅਤੇ ਮੁਲਾਂਕਣ
2. ਵਿਗਿਆਨ ਦੀ ਸਿੱਖਿਆ , ਭਾਸ਼ਾ ਅਤੇ ਹੋਰ ਵਿਸ਼ਿਆਂ ਨਾਲ ਸੰਬੰਧ , ਸਭਿਆਚਾਰ ਅਤੇ ਸੰਦਰਭ
3. ਵਿਗਿਆਨ ਸਿੱਖਿਆ ਦੇ ਢਾਂਚੇ ,ਉਹਨਾਂ ਦੀ ਪ੍ਰਕਿਰਤੀ , ਬਣਤਰ ਅਤੇ ਸਰੂਪ

ਇਸ ਸੰਦਰਭ ਵਿੱਚ ਇੱਕ ਹੋਰ ਮਸਲੇ ਤੇ ਵੀ ਚਰਚਾ ਹੁੰਦੀ ਰਹੀ ਹੈ. ਉਹ ਇਹ ਕਿ ਭਾਰਤੀ ਪਰਿਪੇਖ ਵਿੱਚ, ਖ਼ਾਸ ਕਰਕੇ ਮਾਧਿਅਮਿਕ ਪੱਧਰ ਤੋ ਪਹਿਲਾਂ ਤੱਕ, ਵਿਗਿਆਨ ਅਧਿਅਨ ਭਾਰਤੀ ਭਾਸ਼ਾਵਾਂ ਵਿੱਚ ਹੋਣਾ ਚਾਹੀਦਾ ਹੈ. ਇਸ ਵਿਚਾਰ ਦੀ ਵਕਾਲਤ ਕਰਨ ਵਾਲੇ ਮੰਨਦੇ ਹਨ ਕਿ ਵਿਚਾਰਾਂ ਦੀ ਪਰਪੱਕਤਾ ਤੇ ਤਰਕ-ਨਿਪੁੰਨਤਾ ਵਿਕਸਤ ਕਰਨ ਲਈ ਸਿੱਖਿਆਰਥੀ ਦੇ ਕਰੀਬ ਦੀ ਭਾਸ਼ਾ ਜ਼ਰੂਰੀ ਹੈ ਕਿਉਂਕਿ ਵਿਚਾਰਾਂ ਦਾ ਤਾਣਾ-ਬਾਣਾ ਤੇ ਤਰਕ-ਨਿਪੁੰਨਤਾ ਭਾਸ਼ਾ ਦੇ ਇਰਦ-

ਗਿਰਦ ਘੁੰਮਦੇ ਹਨ. ਉਹਨਾਂ ਦੇ ਅਨੁਸਾਰ ਵਿਗਿਆਨ ਦੀ ਸਿੱਖਿਆ ਉਸ ਭਾਸ਼ਾ ਵਿੱਚ ਹੋਣੀ ਚਾਹੀਦੀ ਹੈ ਜਿਹੜੀ ਵਿਦਿਆਰਥੀ ਦੇ ਜੀਵਨ ਦਾ ਹਿੱਸਾ ਹੋਵੇ ਅਤੇ ਜਿਸ ਦੇ ਸਹਾਰੇ ਉਹ ਸਕੂਲ ਤੋਂ ਗ੍ਰਹਿਣ ਕੀਤੀਆਂ ਧਾਰਨਾਵਾਂ ਨੂੰ ਆਪਣੇ ਜੀਵਨ ਦੇ ਅਨੁਭਵਾਂ ਨਾਲ ਜੋੜਨ ਦੇ ਸਮਰਥ ਹੋ ਸਕੇ. ਦੂਜੇ ਪਾਸੇ ਵਿਗਿਆਨ ਸਿੱਖਿਆ ਅੰਗ੍ਰੇਜ਼ੀ ਮਾਧਿਅਮ ਵਿੱਚ ਦੇਣ ਦੇ ਹਾਮੀ, ਭਾਰਤੀ ਭਾਸ਼ਾਵਾਂ ਵਿੱਚ ਤਕਨੀਕੀ ਸ਼ਬਦਾਵਲੀ ਦੀ ਘਾਟ, ਵਿਗਿਆਨ ਸਾਹਿਤ, ਵਿਚਾਰ-ਚਰਚਾ ਅਤੇ ਯੋਗ ਅਧਿਆਪਕਾਂ ਦੀ ਕਮੀ ਵੱਲ ਇਸ਼ਾਰਾ ਕਰਦੇ ਹੋਏ ਇਸ ਨੂੰ ਬੇਹੱਦ ਔਖਾ ਕੰਮ ਦਸਦੇ ਹਨ. ਉਹਨਾਂ ਮੁਤਾਬਕ ਭਾਰਤੀ ਭਾਸ਼ਾਵਾਂ ਵਿੱਚ ਵਿਗਿਆਨ ਦੇ ਅਮੂਰਤ ਪਹਿਲੂਆਂ ਨੂੰ ਪ੍ਰਗਟਾਉਣ ਵਿੱਚ ਅਸੀਂ ਅਸਮਰੱਥ ਹਾਂ ਅਤੇ ਏਨੀਆਂ ਸਾਰੀਆਂ ਭਾਸ਼ਾਵਾਂ ਵਿੱਚ ਅਨੁਵਾਦ ਕਿਸ ਤਰ੍ਹਾਂ ਅਤੇ ਕਿਉਂ ਹੋਵੇਗਾ.

**ਸੈਮੀਨਾਰ ਵਿੱਚ ਚਰਚਾ ਦਾ ਵਿਸ਼ਾ –ਤਿੰਨ : ਉੱਚ-ਮਾਧਿਅਮਿਕ ( ਹਾਇਰ ਸੈਕੇਂਡਰੀ) ਸ਼੍ਰੇਣੀਆਂ ਅਤੇ ਉਚੇਰੀ ਸਿੱਖਿਆ ਵਿੱਚ ਵਿਗਿਆਨ**

ਵਿਗਿਆਨ ਦੀ ਉਚੇਰੀ ਸਿੱਖਿਆ ਦੇ ਖੇਤਰ ਵਿੱਚ ਮੋਹਰੀ ਹੋਣ ਲਈ ਸਾਨੂੰ ਲਗਾਤਾਰ ਵਿਸ਼ਵ ਪੱਧਰ ਤੇ ਹੋ ਰਹੀ ਨਵੀਨਤਮ ਖੋਜ ਤੋਂ ਜਾਣੂ ਹੋ ਕੇ ਉਸਨੂੰ ਆਪਣੇ ਵਿਦਿਆਰਥੀਆਂ ਤੱਕ ਪਹੁੰਚਾਉਣਾ ਹੋਵੇਗਾ. ਇਸ ਦੇ ਲਈ ਨੇਮ-ਬਧ ਰੂਪ ਨਾਲ ਪਾਠਕ੍ਰਮ ਉੱਤੇ ਮੁੜ-ਵਿਚਾਰ ਅਤੇ ਸਮੇਂ ਸਮੇਂ ਉੱਤੇ ਅਧਿਆਪਕਾਂ ਦੀ ਸਿਖਲਾਈ ਦੀ ਜਰੂਰਤ ਹੈ. ਇਸ ਲਈ ਵਿਗਿਆਨ ਦੀ ਮੁਲਾਂਕਣ ਪ੍ਰਕਿਰਿਆ ਵਿਦਿਆਰਥੀਆਂ ਦੇ ਕੌਸ਼ਲ, ਉਹਨਾਂ ਦੀ ਵਿਗਿਆਨਕ ਰੁਚੀ ਅਤੇ ਪ੍ਰਯੋਗਾਤਮਕ ਸਮਰੱਥਾਵਾਂ ਨੂੰ ਏਸ ਢੰਗ ਨਾਲ ਸ਼ਾਮਲ ਕਰਨਾ ਹੋਵੇਗਾ ਕਿ ਅਸੀਂ ਭਾਵੀ ਵਿਗਿਆਨਕਾਂ ਨੂੰ ਉਤਸ਼ਾਹਿਤ ਕਰ ਕੇ ਉਹਨਾਂ ਨੂੰ ਖੋਜ ਨਾਲ ਜੁੜੇ ਖੇਤਰਾਂ ਵਿੱਚ ਜਾਣ ਲਈ ਪ੍ਰੇਰਿਤ ਕਰ ਸਕੀਏ. ਇਸ ਨਾਲ ਜੁੜੇ ਖੋਜ-ਪੱਤਰ ਹੇਠਾਂ ਲਿਖੇ ਵਿਸ਼ਿਆਂ ਉੱਤੇ ਕੇਂਦਰਿਤ ਹੋ ਸਕਦੇ ਹਨ:

ਵਿਗਿਆਨ ਪਾਠਕ੍ਰਮ ਪ੍ਰਣਾਲੀ- ਪਾਠਕ੍ਰਮ ,ਪਾਠ ਪੁਸਤਕ, ਅਧਿਆਪਨ ਪ੍ਰਕਿਰਿਆ ਅਤੇ ਮੁਲਾਂਕਣ

ਵਿਗਿਆਨ ਦੀ ਉੱਚ ਸਿੱਖਿਆ ਦੇ ਢਾਂਚੇ , ਉਹਨਾਂ ਦੀ ਪ੍ਰਕਿਰਤੀ , ਬਣਤਰ ਅਤੇ ਸਰੂਪ

ਵਿਗਿਆਨ ਦੀ ਉੱਚ ਸਿੱਖਿਆ, ਉਸਦੀ ਗੁਣਵੱਤਾ, ਚੁਣੌਤੀਆਂ ਅਤੇ ਉਸ ਵਿੱਚ ਸਮਾਵੇਸ਼ਨ

## 3. ਕਾਰਜ ਯੋਜਨਾ

ਇਸ ਸੈਮੀਨਾਰ ਵਿੱਚ ਹਿੱਸਾ ਲੈਣ ਲਈ ਤੁਹਾਨੂੰ ਆਪਣੇ ਪ੍ਰਸਤਾਵਿਤ ਖੋਜ-ਪੱਤਰ ਦਾ ਇੱਕ ਸਾਰਾਂਸ਼ ਭੇਜਣਾ ਹੋਵੇਗਾ. ਸਾਰਾਂਸ਼ ਤੋਂ ਇੱਥੇ ਭਾਵ ਹੈ ਕਿ ਤੁਹਾਨੂੰ ਆਪਣੇ ਖੋਜ-ਪੱਤਰ ਦਾ ਵਿਸ਼ਾ ਕੀ ਹੋਵੇਗਾ, ਇਸ ਚੁਣੇ ਗਏ ਵਿਸ਼ੇ ਦੇ ਕਿਹੜੇ ਮੁੱਖ ਨੁਕਤਿਆਂ ਤੇ ਕੇਂਦਰਿਤ ਹੋਵੇਗਾ ਅਰਥਾਤ ਤੁਹਾਡੇ ਖੋਜ-ਪੱਤਰ ਦੇ ਮੁੱਖ ਨੁਕਤੇ ਕੀ ਹੋਣਗੇ, ਆਪਣੀ ਗੱਲ ਦੀ ਪੁਸ਼ਟੀ ਲਈ ਜਾਂ ਧਿਆਨ ਖਿੱਚਣ ਲਈ ਤੁਸੀਂ ਕਿਹੜੇ ਸਾਹਿਤ ਤੇ ਖੋਜ-ਵਿਧੀ ਦਾ ਸਹਾਰਾ ਲਓਗੇ ਅਤੇ ਇਹਨਾਂ ਨਾਲ ਤੁਸੀਂ. ਕਿਹੜੀਆਂ ਧਾਰਨਾਵਾਂ ਸਥਾਪਤ ਕਰਨਾ ਚਾਹੋਗੇ.

ਲੇਖਾਂ ਦੇ ਲਈ ਦੋ ਸ਼੍ਰੇਣੀਆਂ ਹਨ.ਇੱਕ 1200-1500 ਸ਼ਬਦਾਂ ਦੀ ਛੋਟੇ ਲੇਖਾਂ ਦੀ ਸ਼੍ਰੇਣੀ ਹੈ ਅਤੇ ਦੂਜੀ 2500-5000 ਸ਼ਬਦਾਂ ਵਾਲੇ ਵੱਡੇ ਲੇਖਾਂ ਦੀ ਸ਼੍ਰੇਣੀ. ਜਿਵੇਂ ਉੱਪਰ ਵਰਣਨ ਕੀਤਾ ਗਿਆ ਹੈ ਕਿ ਇਸ ਸੈਮੀਨਾਰ ਦੀਆਂ ਭਾਸ਼ਾਵਾਂ ਹਿੰਦੀ ਅਤੇ ਪੰਜਾਬੀ ਹੋਣਗੀਆਂ, ਇਸ ਲਈ ਲੇਖ ਇਹਨਾਂ ਵਿੱਚੋਂ ਕਿਸੇ ਇੱਕ ਭਾਸ਼ਾ ਵਿੱਚ ਲਿਖੇ ਹੋਣੇ ਚਾਹੀਦੇ ਹਨ. ਆਪਣੇ ਖੋਜ-ਪੱਤਰ ਦਾ ਸਾਰਾਂਸ਼ 15 ਜਨਵਰੀ, 2018 ਤੱਕ ਈ-ਮੇਲ ਰਾਹੀਂ iiserm.programs@gmail.com ਪਤੇ ਤੇ ਭੇਜਿਆ ਜਾ ਸਕਦਾ ਹੈ, ਤੇ ਹੋਰ ਜਾਣਕਾਰੀ ਸੈਮੀਨਾਰ ਦੀ ਵੈਬਸਾਈਟ http://azimpremjiuniversity.edu.in/iiser-seminar ਤੇ ਉਪਲਬੱਧ ਹੈ.

ਪਤੇ ਤੇ ਭੇਜ ਦਿਓ . ਤੁਸੀਂ ਸੈਮੀਨਾਰ ਵਿੱਚ ਜਿਸ ਭਾਸ਼ਾ ( ਹਿੰਦੀ ਜਾਂ ਪੰਜਾਬੀ ) ਵਿੱਚ ਆਪਣਾ ਖੋਜ-ਪੱਤਰ ਪੇਸ਼ ਕਰਨਾ ਚਾਹੁੰਦੇ ਹੋ , ਉਸੇ ਭਾਸ਼ਾ ਵਿੱਚ ਸਾਰਾਂਸ਼ ਲਿਖ ਕੇ ਭੇਜੋ. ਛੋਟੇ ਲੇਖ ਦਾ ਸਾਰਾਂਸ਼ 400-500 ਸ਼ਬਦਾਂ ਦਾ ਅਤੇ ਵੱਡੇ ਲੇਖ ਦਾ ਸਾਰਾਂਸ਼ 600- 1000 ਸ਼ਬਦਾਂ ਦਾ ਹੋਣਾ ਚਾਹੀਦਾ ਹੈ. ਸਾਰਾਂਸ਼ ਪ੍ਰਵਾਨ ਹੋਣ ਉਪਰੰਤ ਤੁਹਾਨੂੰ ਪੂਰਾ ਪੱਤਰ ਉਸੇ ਭਾਸ਼ਾ ਵਿੱਚ ਲਿਖ ਕੇ ਭੇਜਣਾ ਹੋਵੇਗਾ. ਅੰਗ੍ਰੇਜ਼ੀ ਵਿੱਚ ਸਾਰਾਂਸ਼ ਜਾਂ ਪੂਰੇ ਲੇਖ ਪਰਵਾਨ ਨਹੀਂ ਕੀਤੇ ਜਾਣਗੇ.

ਸਾਰਾਂਸ਼ ਦੀ ਪਰਵਾਨਗੀ ਦੀ ਸੂਚਨਾ 15 ਫਰਵਰੀ, 2018 ਤੱਕ ਸੈਮੀਨਾਰ ਦੀ ਵੈਬਸਾਈਟ ਉਤੇ ਅਤੇ ਈ-ਮੇਲ ਦੁਆਰਾ ਦੇ ਦਿੱਤੀ ਜਾਵੇਗੀ. ਸਾਰਾਂਸ਼ ਦੇ ਲੇਖਕਾਂ ਤੋਂ ਪੂਰੇ ਅਲੇਖ ਦੀ ਪਹੁੰਚ ਦੀ ਉਮੀਦ 15 ਜੁਲਾਈ, 2018 ਤੱਕ ਰਹੇਗੀ. ਸੈਮੀਨਾਰ ਵਿੱਚ ਪੇਸ਼ ਕੀਤੇ ਗਏ ਪਰਚਿਆਂ ਅਤੇ ਇਹਨਾ ਤੇ ਹੋਈਆਂ ਵਿਚਾਰ-ਚਰਚਾਵਾਂ ਦਾ ਸਾਰਾਂਸ਼ ਇੱਕ ਪੁਸਤਕ ਦੇ ਰੂਪ ਵਿੱਚ ਪ੍ਰਕਾਸ਼ਿਤ ਕੀਤਾ ਜਾਵੇਗਾ. ਧਿਆਨ ਯੋਗ ਹੈ ਕਿ ਇਸ ਸੈਮੀਨਾਰ ਵਿੱਚ ਖੋਜ ਪੱਤਰ ਲਿਖੇ ਬਿਨਾਂ ਹਿੱਸਾ ਲੈਣਾ ਸੰਭਵ ਨਹੀਂ ਹੋਵੇਗਾ.